# ਦਫ਼ਤਰ ਜਿਲ੍ਹਾ ਮੈਜਿਸਟਰੇਟ, ਬਰਨਾਲਾ

(ਐਮ.ਏ ਸ਼ਾਖਾ)

**ਫੌਜਦਾਰੀ ਜਾਬਤਾ ਸੰਘਤਾ 1973 (1974 ਦਾ ਐਕਟ ਨੰਬਰ 2) ਦੀ ਧਾਰਾ 144 ਅਧੀਨ ਹੁਕਮ ਜ਼ਿਲ੍ਹਾ ਬਰਨਾਲਾ।**

ਹੁਕਮ ਨੰ:.....111...../ਐਮ.ਏ. **ਹੁਕਮ** ਮਿਤੀ.....22/02/2019

ਨਿਮਨ-ਹਸਤਾਖਰ ਦੇ ਧਿਆਨ ਵਿੱਚ ਆਇਆ ਹੈ ਕਿ ਮੈਰਿਜ ਪੈਲੇਸਾਂ/ਧਾਰਮਿਕ ਸਥਾਨਾਂ/ਆਮ ਪਬਲਿਕ ਦੁਆਰਾ ਕਲਚਰਲ ਅਤੇ ਧਾਰਮਿਕ ਪ੍ਰੋਗਰਾਮਾਂ ਵਿੱਚ ਲਾਊਡ ਸਪੀਕਰਜ, ਆਰਕੈਸਟਰਾ ਅਤੇ ਆਵਾਜੀ ਪ੍ਰਦੂਸ਼ਣ ਪੈਦਾ ਕਰਨ ਵਾਲੇ ਯੰਤਰਾਂ ਦਾ ਪ੍ਰਯੋਗ ਕੀਤਾ ਜਾਂਦਾ ਹੈ, ਜਿਸ ਦੇ ਫਲਸਰੂਪ ਆਮ ਲੋਕਾਂ, ਮਾਨਸਿਕ ਰੋਗੀਆਂ ਅਤੇ ਬੱਚਿਆਂ ਦੀ ਸਿਹਤ ਤੇ ਮਾੜਾ ਅਸਰ ਪੈਂਦਾ ਹੈ ਅਤੇ ਬੱਚਿਆਂ ਦੀ ਪੜ੍ਹਾਈ ਭੀ ਪ੍ਰਭਾਵਿਤ ਹੁੰਦੀ ਹੈ। ਪੰਜਾਬ ਇੰਸਟਰੂਮੈਂਟ (ਕੰਟਰੋਲ ਆਫ਼ ਨੋਆਇਜ) ਐਕਟ 1956 ਅਨੁਸਾਰ ਕੋਈ ਵੀ ਵਿਅਕਤੀ ਬਿਨਾ ਪੂਰਵ ਪ੍ਰਵਾਨਗੀ ਲਾਊਡ ਸਪੀਕਰ ਜਾਂ ਆਵਾਜੀ ਯੰਤਰਾਂ ਦੀ ਵਰਤੋਂ ਨਹੀਂ ਕਰ ਸਕਦਾ।

ਇਸ ਲਈ ਮੈਂ, **ਤੇਜ ਪ੍ਰਤਾਪ ਸਿੰਘ ਫੂਲਕਾ, ਆਈ.ਏ.ਐਸ, ਜਿਲ੍ਹਾ ਮੈਜਿਸਟਰੇਟ, ਬਰਨਾਲਾ** ਜਾਬਤਾ ਫੌਜਦਾਰੀ ਸੰਘਤਾ 1973 (1974 ਦਾ ਐਕਟ ਨੰਬਰ 2) ਦੀ ਧਾਰਾ 144 ਅਧੀਨ ਮਿਲੇ ਅਧਿਕਾਰਾਂ ਦੀ ਵਰਤੋਂ ਕਰਦਾ ਹੋਇਆ ਜਿਲ੍ਹਾ ਬਰਨਾਲਾ ਅੰਦਰ ਅਣ-ਅਧਿਕਾਰਤ ਆਵਾਜੀ ਪ੍ਰਦੂਸ਼ਣ ਵਾਲੇ ਯੰਤਰਾਂ ਦੀ ਵਰਤੋਂ ਤੇ ਪੂਰਨ ਤੌਰ ਤੇ ਪਾਬੰਦੀ ਦਾ ਹੁਕਮ ਦਿੰਦਾ ਹਾਂ। ਜਿਸ ਵੀ ਮੈਰਿਜ ਪੈਲੇਸ, ਹੋਟਲ, ਰੈਸਟੋਰੈਂਟ ਜਾਂ ਆਮ ਪਬਲਿਕ ਨੇ ਲਾਊਡ ਸਪੀਕਰ ਲਗਾਉਣਾ ਹੋਵੇਗਾ, ਉਹ ਵੱਖਰੇ ਤੌਰ ਤੇ ਸਬੰਧਤ ਉਪ ਮੰਡਲ ਮੈਜਿਸਟਰੇਟ ਤੋਂ ਪ੍ਰਵਾਨਗੀ ਲਵੇਗਾ ਪ੍ਰੰਤੂ ਇਸ ਪ੍ਰਵਾਨਗੀ ਦਾ ਭਾਵ ਕਿਸੇ ਭੀ ਤਰ੍ਹਾਂ ਆਮ ਪਬਲਿਕ ਦੀ ਸ਼ਾਂਤੀ ਭੰਗ ਕਰਨਾ ਨਹੀ ਹੋਵੇਗਾ। ਰਾਤ ਨੂੰ 10:00 ਵਜੇ ਤੋ ਲੈਕੇ ਸਵੇਰੇ 06:00 ਵਜੇ ਤੱਕ ਲਾਊਡ ਸਪੀਕਰ ਜਾਂ ਆਵਾਜੀ ਯੰਤਰਾਂ ਦੀ ਵਰਤੋਂ ਤੇ ਪੂਰਨ ਪਾਬੰਦੀ ਹੋਵੇਗੀ।

ਮਾਮਲੇ ਦੀ ਤੱਤਪਰਤਾ ਨੂੰ ਮੁੱਖ ਰੱਖਦੇ ਹੋਏ ਇਹ ਹੁਕਮ ਇੱਕ ਤਰਫਾ ਪਾਸ ਕੀਤਾ ਜਾਂਦਾ ਹੈ ਅਤੇ ਆਮ ਲੋਕਾਂ ਦੇ ਨਾਮ ਜਾਰੀ ਕੀਤਾ ਜਾਂਦਾ ਹੈ। ਇਹ ਹੁਕਮ ਜਿਲ੍ਹਾ ਲੋਕ ਸੰਪਰਕ ਅਫ਼ਸਰ, ਬਰਨਾਲਾ ਵੱਲੋਂ ਪ੍ਰਚਾਰ/ਮੁਨਾਦੀ ਕਰਵਾਕੇ ਅਤੇ ਇਸ ਹੁਕਮ ਦੀਆਂ ਕਾਪੀਆਂ ਜਿਲ੍ਹਾ ਮੈਜਿਸਟਰੇਟ/ਸੀਨੀਅਰ ਕਪਤਾਨ ਪੁਲਿਸ/ਉਪ ਮੰਡਲ ਮੈਜਿਸਟਰੇਟ/ਤਹਿਸੀਲਦਾਰਾਂ/ਪੁਲਿਸ ਸਟੇਸ਼ਨਾਂ/ਨਗਰ ਪਾਲਿਕਾਵਾਂ/ਡੀ.ਡੀ.ਪੀ.ਓ/ਬੀ.ਡੀ.ਪੀ.ਓਜ ਦੇ ਦਫ਼ਤਰਾਂ ਦੇ ਨੋਟਿਸ ਬੋਰਡਾਂ ਅਤੇ ਜਿਲ੍ਹਾ ਬਰਨਾਲਾ ਦੀਆਂ ਹੋਰ ਨੁਮਾਇਆ ਥਾਵਾਂ ਤੇ ਚਸਪਾ ਕਰਕੇ ਲਾਗੂ ਕੀਤਾ ਜਾਵੇਗਾ।

**ਇਹ ਹੁਕਮ ਮੇਰੇ ਹਸਤਾਖਰਾਂ ਅਤੇ ਅਦਾਲਤੀ ਮੋਹਰ ਨਾਲ ਜਾਰੀ ਹੋਇਆ, ਜੋ ਮਿਤੀ: 26/02/2019 ਤੋ ਲੈਕੇ ਮਿਤੀ: 25/04/2019 ਤੱਕ ਜਿਲ੍ਹਾ ਬਰਨਾਲਾ ਅੰਦਰ ਲਾਗੂ ਰਹੇਗਾ।**

ਜਿਲ੍ਹਾ ਮੈਜਿਸਟਰੇਟ
ਬਰਨਾਲਾ

ਤੇਜ ਪ੍ਰਤਾਪ ਸਿੰਘ ਫੂਲਕਾ, ਆਈ.ਏ.ਐਸ.
ਜਿਲ੍ਹਾ ਮੈਜਿਸਟਰੇਟ, ਬਰਨਾਲਾ।

ਪਿੱਠ ਅੰਕਣ ਨੰ:......3121-3180......../ਐਮ.ਏ. ਮਿਤੀ:.....25/02/2019

ਉਪਰੋਕਤ ਦਾ ਉਤਾਰਾ ਨਿਮਨ-ਲਿਖਤ ਪਾਸ ਸੂਚਨਾ ਅਤੇ ਲੋੜੀਂਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ:-

1) ਮੁੱਖ ਸਕੱਤਰ, ਪੰਜਾਬ ਸਰਕਾਰ, ਚੰਡੀਗੜ੍ਹ।
2) ਪ੍ਰਿੰਸੀਪਲ ਸਕੱਤਰ, ਗ੍ਰਹਿ ਮਾਮਲੇ ਤੇ ਨਿਆਂ ਵਿਭਾਗ, ਪੰਜਾਬ ਚੰਡੀਗੜ੍ਹ।
3) ਕਮਿਸ਼ਨਰ ਪਟਿਆਲਾ ਮੰਡਲ, ਪਟਿਆਲਾ।
4) ਡੀ.ਆਈ.ਜੀ (ਸੀ.ਆਈ.ਡੀ) ਪੰਜਾਬ, ਚੰਡੀਗੜ/ਡੀ.ਆਈ.ਜੀ, ਪੁਲਿਸ ਰੇਂਜ ਪਟਿਆਲਾ।
5) ਜਿਲ੍ਹਾ ਮੈਜਿਸਟਰੇਟ ਫਰੀਦਕੋਟ/ਫਿਰੋਜਪੁਰ/ਲੁਧਿਆਣਾ/ਜਲੰਧਰ/ਅੰਮ੍ਰਿਤਸਰ/ਕਪੂਰਥਲਾ/ਹੁਸ਼ਿਆਰਪੁਰ/ਮਾਨਸਾ/ਪਟਿਆਲਾ/ਮੁਕਤਸਰ/ਮੋਗਾ/ਸ਼ਹੀਦ ਭਗਤ ਸਿੰਘ ਨਗਰ (ਨਵਾਂ ਸ਼ਹਿਰ)/ਫਤਿਹਗੜ੍ਹ ਸਾਹਿਬ/ਸੰਗਰੂਰ/ਗੁਰਦਾਸਪੁਰ/ਫਾਜ਼ਿਲਕਾ/ ਪਠਾਨਕੋਟ/ਅਜੀਤਗੜ੍ਹ(ਐਸ.ਏ.ਐਸ.ਨਗਰ-ਮੋਹਾਲੀ)/ਰੂਪਨਗਰ/ਬਠਿੰਡਾ/ਤਰਨਤਾਰਨ।
6) ਜਿਲ੍ਹਾ ਅਤੇ ਸ਼ੈਸ਼ਨ ਜੱਜ ਬਰਨਾਲਾ।
7) ਸੀਨੀਅਰ ਕਪਤਾਨ ਪੁਲਿਸ, ਬਰਨਾਲਾ।
8) ਵਧੀਕ ਡਿਪਟੀ ਕਮਿਸ਼ਨਰ (ਵਿਕਾਸ) ਬਰਨਾਲਾ।
9) ਜਿਲ੍ਹਾ ਅਟਾਰਨੀ (ਲੀਗਲ) ਬਰਨਾਲਾ।
10) ਜਿਲ੍ਹਾ ਮਾਲ ਅਫਸਰ, ਬਰਨਾਲਾ।
11) ਉਪ ਮੰਡਲ ਮੈਜਿਸਟਰੇਟ, ਬਰਨਾਲਾ/ਤਪਾ।
12) ਤਹਿਸੀਲਦਾਰ ਬਰਨਾਲਾ/ਤਪਾ, ਨਾਇਬ ਤਹਿਸੀਲਦਾਰ ਬਰਨਾਲਾ/ਤਪਾ/ਭਦੌੜ/ਧਨੌਲਾ/ਮਹਿਲ ਕਲਾਂ।
13) ਵਾਤਾਵਰਣ ਇੰਜੀਨੀਅਰ, ਪ੍ਰਦੂਸ਼ਣ ਕੰਟਰੋਲ ਬੋਰਡ, ਬਰਨਾਲਾ ਐਟ ਸੰਗਰੂਰ।
14) ਡੀ.ਡੀ.ਪੀ.ਓ, ਬਰਨਾਲਾ/ਬੀ.ਡੀ.ਪੀ.ਓ. ਬਰਨਾਲਾ/ਮਹਿਲਕਲਾਂ/ਸ਼ਹਿਣਾ।
15) ਕਾਰਜ ਸਾਧਕ ਅਫਸਰ, ਨਗਰ ਕੌਂਸਲ ਬਰਨਾਲਾ/ਧਨੌਲਾ/ਤਪਾ/ਭਦੋੜ/ਨਗਰ ਪੰਚਾਇਤ ਹੰਡਿਆਇਆ ਅਤੇ ਨਗਰ ਸੁਧਾਰ ਟਰੱਸਟ, ਬਰਨਾਲਾ।
16) ਜਿਲ੍ਹਾ ਲੋਕ ਸੰਪਰਕ ਅਫਸਰ, ਬਰਨਾਲਾ ਪਾਸ ਭੇਜਕੇ ਹਦਾਇਤ ਕੀਤੀ ਜਾਂਦੀ ਹੈ ਕਿ ਇਸ ਸਬੰਧੀ ਆਪਣੇ ਪੱਧਰ ਤੇ ਪ੍ਰੈਸ ਨੋਟ ਜਾਰੀ ਕੀਤਾ ਜਾਵੇ ਅਤੇ ਪ੍ਰਚਾਰ ਮੁਨਾਦੀ ਕਰਕੇ ਰਿਪੋਰਟ ਇਸ ਦਫ਼ਤਰ ਪਾਸ ਭੇਜੀ ਜਾਵੇ।
17) ਜਿਲ੍ਹਾ ਸਿੱਖਿਆ ਅਫਸਰ, (ਐਲੀ/ਸੰਕੈ), ਬਰਨਾਲਾ।
18) ਪੀ.ਏ.ਟੂ ਡੀ.ਐਮ./ਸਟੈਨੋਗਰਾਫਰ ਟੂ ਏ.ਡੀ.ਐਮ/ਸਟੈਨੋ ਟੂ ਏ.ਸੀ (ਜ/ਸ਼ਿਕ) ਦਫ਼ਤਰ ਹਜਾ ਪਾਸ ਅਫ਼ਸਰ ਸਾਹਿਬਾਨ ਦੀ ਜਾਣਕਾਰੀ ਹਿੱਤ।

ਵਾ: ਜਿਲ੍ਹਾ ਮੈਜਿਸਟਰੇਟ
ਬਰਨਾਲਾ।